# ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ॥

ਪਰਉਪਕਾਰੀ, ਗੁਰਮੁਖ ਮਹਾਂਪੁਰਖ ਜਗਤ ਜਲੰਦੇ ਦਾ ਉਧਾਰ ਕਰਨ ਹਿਤ ਧਰਤੀ ਤੇ ਆਉਂਦੇ ਹਨ। ਗੁਰਬਾਣੀ ਦਾ ਫੁਰਮਾਨ ਹੈ –

ਜਗਤੁ ਜਲੰਦਾ ਰਖਿਲੈ ਆਪਣੀ ਕਿਰਪਾ ਧਾਰਿ॥ (੮੫੩)

ਪ੍ਰਭੂ ਪਰਮੇਸ਼ਰ ਦੀ ਜਦੋਂ ਪਰਉਪਕਾਰੀ ਆਤਮਾਵਾਂ ਤੇ ਪੂਰਬਲੇ ਕਰਮਾਂ ਸਦਕਾ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ ਤਾਂ ਗੁਰੂ ਹੁਕਮ ਅਨੁਸਾਰ :–

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ। (੨੦੪)

ਕਲਯੁਗੀ ਜੀਵਾਂ ਦਾ ਉਧਾਰ ਕਰਨ ਹਿਤ ਮਹਾਂਪੁਰਖ ਪ੍ਰਭੂ-ਪਠਾਏ ਪ੍ਰਿਥਵੀ ਤੇ ਆਉਂਦੇ ਹਨ ਸਤਿਗੁਰੂ ਠੀਕ ਹੀ ਕਹਿੰਦੇ ਹਨ :–

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ (੭੪੯)

ਐਸੇ ਪਰਉਪਕਾਰੀ ਮਹਾਂਪੁਰਖਾਂ ਵਿਚੋਂ ਹੀ ਸਤਿਗੁਰ ਨਾਨਕ ਦੇਵ ਜੀ ਤੋਂ ਵਰੋਸਾਏ ਅਮੁਲੀਕ ਰਤਨ ਬਾਬਾ ਮਹਾਂ-ਹਰਨਾਮ ਸਿੰਘ ਜੀ ਭੁੱਚੋ ਵਾਲੇ, ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ, ਬਾਬਾ ਈਸ਼ਰ ਸਿੰਘ ਜੀ ਨਾਨਕਸਰ ਠਾਠ ਕਲੇਰਾਂ ਵਾਲੇ ਤੇ ਬਾਬਾ ਜਸਵੰਤ ਸਿੰਘ ਜੀ ਨਾਨਕਸਰ ਠਾਠ ਬਰਨਾਲਾ ਹੋਏ ਹਨ। ਉਨ੍ਹਾਂ ਨੇ ਅਨੇਕਾਂ ਭੁੱਲੇ ਭਟਕਿਆਂ ਨੂੰ 'ਗੁਰਮਤਿ ਗਾਡੀਰਾਹ' ਦੇ ਪਾਂਧੀ ਬਣਾ ਕੇ 'ਲੋਕ ਸੁਖੀਏ ਪ੍ਰਲੋਕ ਸੁਹੇਲੇ' ਬਣਾਇਆ। ਐਸੇ ਮਹਾਂਪੁਰਖਾਂ ਦਾ ਮਹਾਨ ਜੀਵਨ ਲਿਖਣਾ ਬੜਾ ਕਠਿਨ ਕਾਰਜ ਹੈ। ਵਿਸ਼ਾਲ ਸਾਗਰ ਰੂਪੀ ਜੀਵਨ ਚਰਿੱਤਰਾਂ ਵਿਚੋਂ ਦਾਸਰੇ ਨੂੰ ਜੋ ਭੀ 'ਮੋਤੀ' ਹੱਥ ਲੱਗ ਸਕੇ, ਸੰਗਤਾਂ ਦੇ ਕਲਿਆਣ ਅਤੇ ਆਨੰਦ ਲਈ ਭੇਂਟ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

ਗੁਰਬਾਣੀ ਫੁਰਮਾਨ ਹੈ-

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ॥
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ (ਸਲੋਕ ਫਰੀਦ ਜੀ, ੧੩੮੪)

ਅਤੇ

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥ (ਰਾਮਕਲੀ ਮ:੧, ੯੩੦)

ਮਹਾਂਪੁਰਖਾਂ ਨੇ ਲੋਕਾਈ ਦੇ ਕਲਿਆਣ ਲਈ ਵਿਚਰਦੇ ਹੋਏ 'ਹੁਕਮ ਰਜਾਈ' ਚਲਦਿਆਂ 'ਗੁਰਮਤਿ-ਰੌਸ਼ਨੀ' ਸੰਗਤਾਂ ਨੂੰ ਬਖਸ਼ਿਸ਼ ਕੀਤੀ। ਇਹ ਬਖਸ਼ਿਸ਼ਾਂ ਪ੍ਰਾਪਤ ਅਨੰਦਿਤ ਹੋਏ ਗੁਰੂ ਪਿਆਰੇ "ਗੂੰਗੇ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ॥ (੬੫੭)" ਦੀ ਅਵਸਥਾ ਵਿਚ ਗੜੂੰਦ ਹੋ ਗਏ।

ਐਸੇ ਮਹਾਪੁਰਖਾਂ ਦੇ ਜੀਵਨ ਪੰਧਾਂ ਦੇ ਸਥਾਨਾਂ ਤੇ ਗੁਰਬਾਣੀ ਦੇ ਪ੍ਰਵਾਹ ਨਿਰੰਤਰ ਜਾਰੀ ਹਨ। ਉਨ੍ਹਾਂ ਵੱਲੋਂ ਅਰੰਭੇ ਕਾਰਜ ਦਿਨ-ਬ-ਦਿਨ ਅਗਲੇਰੀਆਂ ਸਿਖ਼ਰਾਂ ਛੋਹ ਰਹੇ ਹਨ। ਉਨ੍ਹਾਂ ਦੇ ਸਿਮਰਤੀ ਸਥਾਨਾਂ ਤੇ 'ਕੀਰਤਨੁ ਨਿਰਮੋਲਕ ਹੀਰਾ' (੮੯੩) ਦੀ ਦਾਤ ਦੁਆਰਾ 'ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ (੬੧੧) ਹੋ ਰਹੀ ਹੈ।

"ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥ (੯੫੧) ਤੇ ਅਮਲ ਕਰਦਿਆਂ, ਉਨ੍ਹਾਂ ਮਹਾਂਪੁਰਖਾਂ ਤੋਂ ਹੀ ਆਸ਼ੀਰਵਾਦ ਪ੍ਰਾਪਤ ਕਰਕੇ ਮਹਾਨ ਚਰਿੱਤਰਾਂ ਦਾ ਬਿਆਨ ਕਰਨ ਦਾ ਤੁੱਛ ਯਤਨ ਦਾਸ ਨੇ ਆਪਣੀ ਅਲਪੱਗ ਬੁੱਧੀ ਦੁਆਰਾ ਕੀਤਾ ਹੈ। ਇਸ ਤੋਂ ਜੋ ਕੁਝ ਜਿਤਨਾ ਵੀ ਸੰਗਤਾਂ ਗ੍ਰਹਿਣ ਕਰ ਸਕਣ ਦਾਸ ਆਪਣੀ ਸੇਵਾ 'ਥਾਇ ਪਈ' ਮੰਨ ਤਸੱਲੀ ਮਹਿਸੂਸ ਕਰੇਗਾ।

ਇਨ੍ਹਾਂ ਮਹਾਂਪੁਰਖਾਂ ਦੀਆਂ ਜੀਵਨ-ਲੀਲਾ ਕਥਨ ਤੋਂ ਪਰ੍ਹੇ ਹਨ। ਦਾਸ ਨੇ ਤਾਂ ਇਨ੍ਹਾਂ ਬਾਰੇ ਪ੍ਰਕਾਸ਼ਿਤ ਗ੍ਰੰਥਾਂ ਦਾ ਅਧਿਐਨ ਕੀਤਾ, ਬਾਬਾ ਜਸਵੰਤ ਸਿੰਘ ਜੀ ਦੇ ਛੱਬੀ ਸਾਲ ਚਰਨਾਂ ਵਿਚ ਰਹਿ ਕੇ ਬਹੁਤ ਕੁਝ ਹਾਸਲ ਕੀਤਾ ਅਤੇ ਨਾਨਕਸਰ ਠਾਠ ਕਲੇਰਾਂ ਦੇ ਮਹਾਂਪੁਰਖਾਂ, ਬਿਹੰਗਮਾਂ ਅਤੇ ਨਿਕਟੀ ਸੰਗਤਾਂ ਨਾਲ ਸਮੇਂ ਸਮੇਂ ਹੁੰਦੇ ਰਹਿੰਦੇ ਵਿਚਾਰ-ਵਟਾਂਦਰੇ ਤੋਂ ਬੜਾ ਗਿਆਨ ਪ੍ਰਾਪਤ ਹੋਇਆ। ਉਸ ਸਭ ਕੁੱਝ ਦਾ ਸੰਖਿਪਤ ਭਾਵ ਰੂਪੀ ਇਹ ਜੀਵਨ ਇਤਿਹਾਸ ਸੰਗਤਾਂ ਦੀ ਭੇਂਟ ਕਰਦਿਆਂ ਪ੍ਰਸੰਨਤਾ ਅਨੁਭਵ ਕਰ ਰਿਹਾ ਹਾਂ। ਪੂਰਨ ਆਸ਼ਾ ਹੈ ਕਿ ਸਮੂਹ ਸੰਗਤਾਂ ਇਸ ਪੁਸਤਕ ਵਿਚ ਆਏ ਮਹਾਂਪੁਰਖਾਂ ਦੇ ਜੀਵਨ ਤੋਂ ਗੁਰਮਤਿ ਦੀ ਰੌਸ਼ਨੀ ਲੈਂਦੇ ਹੋਏ ਲਾਹਾ ਪ੍ਰਾਪਤ ਕਰਨਗੀਆਂ।

ਇਸ ਮਹਾਨ ਕਾਰਜ ਦੀ ਪੂਰਨਤਾ ਲਈ ਪਾਏ ਗਏ ਯੋਗਦਾਨ ਹਿਤ ਦਾਸ ਸਮੂਹ ਸਹਿਯੋਗੀਆਂ ਦਾ ਧੁਰ ਦਿਲੋਂ ਰਿਣੀ ਹੈ, ਕੋਟਾਨ ਕੋਟਿ ਧੰਨਵਾਦੀ ਹੈ।

ਮਹਾਂਪੁਰਖਾਂ ਦੇ ਜੀਵਨ ਇਤਿਹਾਸ ਲਿਖਦਿਆਂ ਊਣਤਾਈਆਂ ਰਹਿ ਜਾਣੀਆਂ ਸੁਭਾਵਿਕ ਹਨ। ਉਸ ਦੇ ਸਬੰਧ ਵਿਚ ਸੰਗਤਾਂ ਦੇ ਚਰਨਾਂ ਵਿਚ ਗੁਰਬਾਣੀ ਦੇ ਬਚਨਾਂ ਰਾਹੀਂ ਜੋਦੜੀ ਹੈ–

ਜੇ ਭੁਲੀ ਜੇ ਚੁਕੀ ਸਾਈਂ ਭੀ ਤਹਿੰਜੀ ਕਾਢੀਆ॥
ਜਿਨ੍ਹਾਂ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥੧॥
ਹਉ ਨਾ ਛੋਡਉ ਕੰਤ ਪਾਸਰਾ॥
ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ॥ (ਸੂਹੀ ਮ: ੫, ੭੬੧)

ਦਾਸਰਾ ਪ੍ਰਭੂ ਹੁਕਮ ਵਿਚ ਸ਼ਰਸ਼ਾਰ ਹੈ–

ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ॥
ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ॥ (ਸੂਹੀ ਮ: ੫, ੭੬੧)

ਯਥਾ

ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ॥ (੬੪੭)

ਅਤੇ

ਸਦ ਬਲਿਹਾਰੀ ਤਿਨਾ ਜਿ ਸੁਣਤੇ ਹਰਿ ਕਥਾ॥
ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ॥ (੭੦੯)

ਭੁੱਲਾਂ–ਚੁੱਕਾਂ ਦੀ ਖਿਮਾਂ, ਬਖਸ਼ਣਹਾਰ ਆਪ ਸਤਿਗੁਰੂ।
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥


ਗੁਰੂ ਪੰਥ ਦਾ ਦਾਸ :

**ਬਾਬਾ ਅਜੀਤ ਸਿੰਘ**

ਨਾਨਕਸਰ ਠਾਠ ਬਰਨਾਲਾ–148101
ਫੋਨ : 01679-232724
ਮੋਬਾਈਲ : 98140-99399
ਰੌਂਤਾ ਕਾਲਜ : 01636-257463


20 ਜੁਲਾਈ, 2003
ਪੰਜ ਸਾਵਣ, ਨਾਨਕਸ਼ਾਹੀ, ੫੩੫
ਬਿ: 2060